ਵਲੋਂ

ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ,
(ਤਕਨੀਕੀ ਸਿੱਖਿਆ ਵਿੰਗ),
ਚੰਡੀਗੜ੍ਹ।

ਸੇਵਾ ਵਿਖੇ

ਪ੍ਰਿੰਸੀਪਲ,
ਪੰਜਾਬ ਰਾਜ ਵਿੱਚ ਸਥਿਤ,
ਸਮੂਹ ਬਹੁਤਕਨੀਕੀ ਅਤੇ ਇੰਜੀ. ਕਾਲਜ,

ਮੀਮੋ ਨੰ: 109ਟੀਈ/ 1926 /ਸਪੈਸ਼ਲ ਗਰਾਂਟ
ਚੰਡੀਗੜ੍ਹ ਦੀ, ਮਿਤੀ: 7/8/2013 /2013

ਵਿਸ਼ਾ: ਅਨੁਸੂਚਿਤ ਜਾਤੀ ਦੀਆਂ ਪੋਸਟ ਮੈਟ੍ਰਿਕ ਅਤੇ ਪੋਸਟ ਗਰੈਜੂਏਟ ਕਲਾਸਾਂ ਵਿੱਚ ਪੜ੍ਹ ਰਹੀਆਂ ਵਿਦਿਆਰਥਣਾਂ ਨੂੰ ਵਿਸੇਸ਼ ਵਿੱਤੀ ਸਹਾਇਤਾ ਦੇਣ ਲਈ ਤਜਵੀਜਾਂ / ਸੂਚੀਆਂ ਭੇਜਣ ਬਾਰੇ- ਸਾਲ 2013-14

ਇਸ ਪੱਤਰ ਨਾਲ ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ ਦੇ ਪੱਤਰ ਨੰਬਰ ਸ-27/11743-46 ਮਿਤੀ 10-06-2013 ਦੀ ਕਾਪੀ ਭੇਜਦਿਆਂ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਵਿੱਚ ਦਰਸਾਏ ਪ੍ਰੋਫਾਰਮੇ ਤੇ ਆਪੋ ਆਪਣੇ ਕਾਲਜ ਨਾਲ ਸਬੰਧਿਤ ਸੂਚਨਾ "7" ਦਿਨਾਂ ਦੇ ਅੰਦਰ ਅੰਦਰ ਇਸ ਦਫਤਰ ਨੂੰ ਸਾਫਟ ਅਤੇ ਹਾਰਡ ਕਾਪੀ ਦੋਹਰੇ ਰੂਪ ਵਿੱਚ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ, ਤਾਂ ਜੋ ਇਸ ਨੂੰ ਇੱਕਤਰ ਕਰਕੇ ਅਗਲੀ ਕਾਰਵਾਈ ਲਈ ਭਲਾਈ ਵਿਭਾਗ ਨੂੰ ਭੇਜਿਆ ਜਾ ਸਕੇ।

ਨੱਥੀ/ ਉਪਰੋਕਤ ਅਨੁਸਾਰ

ਵਧੀਕ ਡਾਇਰੈਕਟਰ
ਵਾ:ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ।

ਪਿੱਠ ਅੰਕਣ ਨੰਬਰ 109ਟੀਈ/ /ਸਕਾਲਰਸ਼ਿਪ ਮਿਤੀ

ਉਪਰੋਕਤ ਦਾ ਉਤਾਰਾ ਪ੍ਰੋਗਰਾਮਰ, ਮੁੱਖ ਦਫਤਰ ਨੂੰ ਭੇਜਦਿਆਂ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਨੂੰ ਸਹਿ ਪੱਤਰ ਸਮੇਤ ਵਿਭਾਗ ਦੀ ਵੈਬ-ਸਾਈਟ ਤੇ ਪਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ।

ਨੱਥੀ/ ਉਪਰੋਕਤ ਅਨੁਸਾਰ

ਵਧੀਕ ਡਾਇਰੈਕਟਰ
ਵਾ:ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ।

ਡਾਇਰੈਕਟੋਰੇਟ

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ,

ਐਸ.ਸੀ.ਓ.ਨੰ: 128-129 ਸੈਕਟਰ-34 ਏ, ਚੰਡੀਗੜ੍ਹ।

ਸੇਵਾ ਵਿਖੇ

1. ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।

2. ਡਾਇਰੈਕਟਰ,
ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ,
ਪੰਜਾਬ,ਚੰਡੀਗੜ੍ਹ।

3. ਡਾਇਰੈਕਟਰ,
ਸਿੱਖਿਆ ਵਿਭਾਗ (ਸੈ:ਸਿ:),
ਪੰਜਾਬ, ਚੰਡੀਗੜ੍ਹ।

4. ਡਾਇਰੈਕਟਰ,
ਸਿੱਖਿਆ ਵਿਭਾਗ (ਕਾਲਜ),
ਪੰਜਾਬ, ਚੰਡੀਗੜ੍ਹ।

ਮੀਮੋ ਨੰ: ਸ-27/11 743-46

ਮਿਤੀ,ਚੰਡੀਗੜ੍ਹ, 10-6-13

ਵਿਸ਼ਾ: ਅਨੁਸੂਚਿਤ ਜਾਤੀ ਦੀਆਂ ਪੋਸਟ-ਮੈਟ੍ਰਿਕ ਅਤੇ ਪੋਸਟ ਗਰੈਜੂਏਟ ਕਲਾਸਾਂ ਵਿੱਚ ਪੜ੍ਹ ਰਹੀਆਂ ਵਿਦਿਆਰਥਣਾਂ ਨੂੰ ਵਿਸ਼ੇਸ਼ ਵਿੱਤੀ ਸਹਾਇਤਾ ਦੇਣ ਲਈ ਤਜਵੀਜ਼ਾਂ/ਸੂਚੀਆਂ ਭੇਜਣ ਬਾਰੇ-ਸਾਲ 2013-14.

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਸਾਲ 2013-14 ਦੌਰਾਨ ਅਨੁਸੂਚਿਤ ਜਾਤੀ ਦੀਆਂ ਪੋਸਟ-ਮੈਟ੍ਰਿਕ ਅਤੇ ਪੋਸਟ ਗਰੈਜੂਏਟ ਕਲਾਸਾਂ ਵਿੱਚ ਪੜ੍ਹ ਰਹੀਆਂ ਵਿਦਿਆਰਥਣਾਂ ਨੂੰ ਵਿਸ਼ੇਸ਼ ਵਿੱਤੀ ਸਹਾਇਤਾ ਦੇਣ ਦੀ ਸਕੀਮ ਤਹਿਤ ਅਨੁਸੂਚਿਤ ਜਾਤੀ ਦੀਆਂ ਪੋਸਟ ਮੈਟ੍ਰਿਕ ਅਤੇ ਪੋਸਟ ਗਰੈਜੂਏਟ ਕਲਾਸਾਂ ਦੇ ਸਕਾਲਰਸ਼ਿਪ ਤੋਂ ਇਲਾਵਾ ਹਾਇਰ ਸਟੱਡੀ ਕਰਨ ਦੇ ਇਵਜ਼ ਵਜੋਂ ਉਤਸ਼ਾਹਿਤ ਕਰਨ ਲਈ ਵਿਸੇਸ ਸਹਾਇਤਾ ਪੋਸਟ ਮੈਟ੍ਰਿਕ ਵਿਦਿਆਰਥਣ ਲਈ 50/-ਰੁ: ਪ੍ਰਤੀ ਮਹੀਨਾ ਅਤੇ ਪੋਸਟ ਗਰੈਜੂਏਟ ਵਿਦਿਆਰਥਣ ਲਈ 60/-ਰੁ: ਪ੍ਰਤੀ ਮਹੀਨਾ ਸਪੈਸਲ ਗ੍ਰਾਂਟ ਦਿੱਤੀ ਜਾਂਦੀ ਹੈ। ਇਹ ਲਾਭ ਉਨ੍ਹਾਂ ਵਿਦਿਆਰਥਣਾਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 60,965/-ਰੁ: ਤੋਂ ਵੱਧ ਨਹੀਂ ਹੋਵੇਗੀ। ਇਸ ਲਈ ਉਕਤ ਸ਼ਰਤ ਨੂੰ ਮੁੱਖ ਰੱਖਦੇ ਹੋਏ ਸਾਲ 2013-14 ਦੌਰਾਨ ਅਨੁਸੂਚਿਤ ਜਾਤੀ ਦੀਆਂ ਪੋਸਟ ਮੈਟ੍ਰਿਕ ਅਤੇ ਪੋਸਟ ਗਰੈਜੂਏਟ ਕਲਾਸਾਂ ਵਿੱਚ ਪੜ੍ਹ ਰਹੀਆਂ ਵਿਦਿਆਰਥਣਾਂ ਨੂੰ ਵਿਸੇਸ ਵਿੱਤੀ ਸਹਾਇਤਾ ਦੇਣ ਲਈ ਮਿਤੀ 15-06-2013 ਤੱਕ ਹੇਠ ਲਿਖੇ ਪ੍ਰੋਫਾਰਮੇ ਅਨੁਸਾਰ ਤਜਵੀਜ਼ਾਂ/ਸੂਚੀਆਂ ਸੀ.ਡੀਜ਼ ਅਤੇ ਦੋ-ਦੋ ਹਾਰਡ ਕਾਪੀਆਂ ਤਸਦੀਕ ਕਰਕੇ ਭੇਜਣ ਦੀ ਖੇਚਲ ਕੀਤੀ ਜਾਵੇ ਜੀ।

**FORMAT FOR DEMAND TO BE SENT BY SCHOOLS IN SHAPE OF HARD AND SOFT COPIES. (IN MS-EXCEL)**

| Sr. No. | Name of Student | Father's Name | Registration No. | Caste | Annual income of parents. | Full Name of Institution with complete address | District of the Institution. | Contact No. & Email address of the Institution. | Whether the Institution is Govt.(G)/ Govt. aided (GA) | Class in which student is studying. | Amount of special grant. | Contact No. of student or his parents. | Bank Account No. of student. | Name and complete Address of Bank/Branch. | IFS code of Bank Branch. |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |

ਡਾਇਰੈਕਟਰ